# ਪੰਜਾਬ ਸਕੂਲ ਸਿੱਖਿਆ ਬੋਰਡ

**ਸੈਸ਼ਨ 2022-23 ਲਈ ਨੌਵੀਂ ਤੋਂ ਬਾਰਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀਆਂ ਰਜਿਸਟ੍ਰੇਸ਼ਨ / ਕੰਟੀਨਿਊਸ਼ਨ ਰਿਟਰਨਾਂ ਆਨ - ਲਾਈਨ ਭਰਨ ਸਬੰਧੀ ਹਦਾਇਤਾਂ:-**

- ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਸਬੰਧੀ ਹਦਾਇਤਾਂ/ਸਹਾਇਤਾ/ਫੀਸਾਂ ਦਾ ਸ਼ਡਿਊਲ ਆਦਿ ਬੋਰਡ ਦੀ ਵੈਬਸਾਈਟ www.pseb.ac.in ਤੇ Registration Section ਅਧੀਨ ਅਤੇ ਸਕੂਲ ਲਾਗਇੰਨ ਆਈ.ਡੀ. ਵਿੱਚ ਉਪਲੱਬਧ ਹੈ।
- ਬੋਰਡ ਵੱਲੋਂ ਸਮੇਂ-ਸਮੇਂ ਤੇ ਹਦਾਇਤਾਂ, ਪ੍ਰੈਸ ਨੋਟ ਅਤੇ ਹੋਰ ਮਹੱਤਵਪੂਰਣ ਜਾਣਕਾਰੀ ਅਪਡੇਟ ਕੀਤੀ ਜਾਂਦੀ ਹੈ, ਇਸ ਲਈ ਬੋਰਡ ਦੀ ਵੈੱਬਸਾਈਟ, ਸਕੂਲ ਲਾਗਇੰਨ ਆਈ.ਡੀ., ਸਕੂਲ ਦੀ ਰਜਿਸਟਰਡ ਈਮੇਲ ਆਈ.ਡੀ. ਅਤੇ ਇੰਨਬਾਕਸ ਨੂੰ ਰੋਜ਼ਾਨਾ ਚੈੱਕ ਕਰਨਾ ਯਕੀਨੀ ਬਣਾਇਆ ਜਾਵੇ। ਇਸ ਤੋਂ ਇਲਾਵਾ ਬੋਰਡ ਵੱਲੋਂ ਕੁਝ ਮਹੱਤਵਪੂਰਣ ਜਾਣਕਾਰੀ ਸਕੂਲ ਦੇ ਰਜਿਸਟਰਡ ਮੋਬਾਇਲ ਨੰਬਰ ਤੇ SMS ਰਾਹੀਂ ਵੀ ਭੇਜੀ ਜਾਂਦੀ ਹੈ। ਇਸ ਨੂੰ ਪੜ੍ਹਨਾ ਅਤੇ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ। ਬੋਰਡ ਵੱਲੋਂ ਕਿਸੇ ਵੀ ਸਕੂਲ ਨੂੰ ਵੱਖਰੇ ਤੌਰ ਤੇ ਪੱਤਰ ਰਾਹੀਂ ਸੂਚਨਾ ਨਹੀਂ ਭੇਜੀ ਜਾਵੇਗੀ।
- ਸਕੂਲ ਮੁੱਖੀ ਵੱਲੋਂ ਬੋਰਡ ਨਾਲ ਆਨ-ਲਾਈਨ ਈਮੇਲ ਰਾਹੀਂ ਜਾਂ ਕੋਈ ਵੀ ਪੱਤਰ ਵਿਹਾਰ ਕਰਨ ਸਮੇਂ ਲੈਟਰ ਪੈਡ ਤੇ ਵਿਸ਼ੇ ਸਬੰਧੀ ਡਿਟੇਲ, ਸਕੂਲ ਕੋਡ ਅਤੇ ਸ਼ਨਾਖਤੀ ਨੰਬਰ ਜ਼ਰੂਰ ਲਿਖਿਆ ਜਾਵੇ।
- ਦੂਜੇ ਰਾਜ/ਬੋਰਡਾਂ ਤੋਂ ਹੇਠਲੀ ਜਮਾਤ ਪਾਸ/ਰੀਅਪੀਅਰ/ਫੇਲ੍ਹ ਵਿਦਿਆਰਥੀਆਂ ਦੇ ਦਸਤਾਵੇਜ਼ ਸਬੰਧਤ ਬੋਰਡ/ਸਿੱਖਿਆ ਸੰਸਥਾਵਾਂ ਦੀ ਵੈਬਸਾਈਟ ਤੋਂ ਵੈਰੀਫਾਈ ਕਰਨ ਉਪਰੰਤ ਹੀ ਦਾਖਲਾ ਦਿੱਤਾ ਜਾਵੇ।
- ਨੌਵੀਂ ਤੋਂ ਬਾਰਵੀਂ ਸ਼੍ਰੇਣੀ ਵਿੱਚ ਦੂਜੇ ਰਾਜ/ਬੋਰਡ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਬੋਰਡਾਂ ਨੂੰ COBSE/MHRD ਮੈਂਬਰਜ਼ ਬੋਰਡਾਂ ਦੀ ਸੂਚੀ ਅਧੀਨ ਬੋਰਡ ਚੈਕ ਕਰਨ ਉਪਰੰਤ ਹੀ ਆਨ-ਲਾਈਨ ਰਜਿਸਟ੍ਰੇਸ਼ਨ ਕੀਤੀ ਜਾਵੇ।

**ਨੌਵੀਂ ਤੋਂ ਬਾਰਵੀਂ ਸ਼੍ਰੇਣੀ ਲਈ ਦੂਜੇ ਰਾਜ / ਬੋਰਡ ਤੋਂ ਆਉਣ ਵਾਲੇ ਵਿਦਿਆਰਥੀਆਂ ਸਬੰਧੀ :-**

1. ਅਕਾਦਮਿਕ ਸ਼ਾਖਾ ਵੱਲੋਂ ਦਾਖਲੇ ਸਬੰਧੀ ਜਾਰੀ ਹਦਾਇਤਾਂ ਅਨੁਸਾਰ ਦੂਜੇ ਰਾਜ/ ਬੋਰਡ ਤੋਂ ਆਉਣ ਵਾਲੇ ਜਿਹੜੇ ਵਿਦਿਆਰਥੀਆਂ ਨੇ ਜਿਸ ਸ਼੍ਰੇਣੀ ਵਿੱਚ ਦਾਖਲਾ ਲੈਣਾ ਹੈ, ਉਸ ਕੋਲੋਂ ਹੇਠਲੀ ਸ਼੍ਰੇਣੀ ਪਾਸ ਹੋਣ ਦਾ ਨਤੀਜਾ ਕਾਰਡ ਅਤੇ ਟਰਾਂਸਫਰ ਸਰਟੀਫਿਕੇਟ (**ਅਸਲ**) ਦੋਵੇਂ ਹੀ ਦਸਤਾਵੇਜ਼ ਲੈ ਕੇ ਜਿਲ੍ਹਾ ਖੇਤਰੀ ਦਫ਼ਤਰਾਂ ਵਿਖੇ ਜਮਾਂ ਕਰਵਾਉਣੇ ਲਾਜ਼ਮੀ ਹਨ।
2. ਸਕੂਲ ਮੁੱਖੀ ਆਪਣੇ ਪੱਧਰ ਤੇ ਟਰਾਂਸਫਰ ਸਰਟੀਫਿਕੇਟ ਅਤੇ ਨਤੀਜਾ ਕਾਰਡ ਸੀ.ਬੀ.ਐਸ.ਈ. ਜਾਂ ਦੂਜੇ ਰਾਜਾਂ ਦੇ ਬੋਰਡਾਂ ਦੀ ਵੈਬਸਾਈਟ ਤੇ ਜਾ ਕੇ ਸਕੂਲ ਬਾਰੇ ਵੈਰੀਫਾਈ ਕਰ ਲੈਣ ਕਿ ਸਰਟੀਫਿਕੇਟ ਜਾਰੀ ਕਰਨ ਵਾਲੀ ਸੰਸਥਾ/ਸਕੂਲ ਸਬੰਧਤ ਬੋਰਡ ਨਾਲ ਐਫੀਲੀਏਟਡ ਹੈ ਜਾਂ ਨਹੀ। ਇਸ ਦੇ ਨਾਲ ਹੀ ਸਕੂਲ ਮੁੱਖੀ ਜਾਂ ਕਲਾਸ ਇੰਚਾਰਜ ਵੈਬਸਾਈਟ ਤੇ ਜਾ ਕੇ ਵੈਰੀਫਾਈ ਕਰਨ ਉਪਰੰਤ ਹੀ ਸਬੰਧਤ ਵੇਰਵੇ ਆਪਣੇ ਰਿਕਾਰਡ ਵਿੱਚ ਦਰਜ ਕਰਨ।
3. NRI ਵਿਦਿਆਰਥੀਆਂ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਬਰਾਬਰ ਦੀ ਯੋਗਤਾ ਦਾ ਸਮਾਨਤਾ ਪੱਤਰ (ਅਸਲ) ਜੋ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅਕਾਦਮਿਕ ਸ਼ਾਖਾ ਵੱਲੋਂ ਜਾਰੀ ਕੀਤਾ ਜਾਂਦਾ ਹੈ, ਲੈਣਾ ਯਕੀਨੀ ਬਣਾਇਆ ਜਾਵੇ।

4. ਦੂਜੇ ਰਾਜਾਂ/ਬੋਰਡਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ N2, M2, E2 ਅਤੇ T2 ਫਾਰਮਾਂ ਸਬੰਧੀ ਲੋੜੀਂਦੇ ਅਸਲ ਦਸਤਾਵੇਜ਼ਾਂ ਨੂੰ ਸਕੈਨ ਕਰਨ ਉਪਰੰਤ PDF ਫਾਈਲ ਬਣਾਕੇ ਫਾਰਮ ਵਿੱਚ ਅਪਲੋਡ ਕਰਨਾ ਲਾਜ਼ਮੀ ਹੈ ਅਤੇ ਇਸਦੇ ਨਾਲ ਹੀ ਅਸਲ ਦਸਤਾਵੇਜ਼ ਅਤੇ ਫਾਈਨਲ ਪ੍ਰਿੰਟ ਦੀ ਕਾਪੀ ਇੱਕ ਲਿਫਾਫੇ ਵਿੱਚ ਪਾ ਕੇ ਬੰਦ ਕਰਕੇ ਜਿਸ ਉੱਪਰ ਮੋਟੇ ਅੱਖਰਾਂ ਵਿੱਚ ਰਜਿਸਟ੍ਰੇਸ਼ਨ ਸ਼ਾਖਾ, ਸਕੂਲ ਦਾ ਨਾਂ, ਸਕੂਲ ਕੋਡ, ਸ਼ਨਾਖਤੀ ਨੰਬਰ ਅਤੇ ਜਿਲ੍ਹੇ ਦਾ ਨਾਂ ਜਰੂਰ ਲਿਖਿਆ ਜਾਵੇ, ਬੋਰਡ ਵੱਲੋਂ ਨਿਰਧਾਰਿਤ ਮਿਤੀਆਂ ਤੱਕ ਸਬੰਧਤ ਜਿਲ੍ਹਾ ਖੇਤਰੀ ਦਫਤਰ ਵਿੱਚ ਹਰ ਹਾਲਤ ਵਿੱਚ ਜਮ੍ਹਾਂ ਕਰਵਾਏ ਜਾਣ। ਵਿਦਿਆਰਥੀਆਂ ਦੇ ਦਸਤਾਵੇਜ਼ਾਂ ਦੀਆਂ ਕਾਪੀਆਂ ਸਕੂਲ ਰਿਕਾਰਡ ਹਿੱਤ ਲਾਜ਼ਮੀ ਰੱਖੀਆਂ ਜਾਣ, ਕਿਉਂਕਿ ਬੋਰਡ ਵੱਲੋਂ ਲੋੜ ਪੈਣ ਤੇ ਕਿਸੇ ਵੀ ਸਮੇਂ ਦੁਬਾਰਾ ਰਿਕਾਰਡ ਦੀ ਮੰਗ ਕੀਤੀ ਜਾ ਸਕਦੀ ਹੈ।
5. ਦੂਜੇ ਰਾਜਾਂ/ ਬੋਰਡਾਂ ਤੋਂ ਦਸਵੀਂ ਸ਼੍ਰੇਣੀ ਪਾਸ ਕਰਨ ਉਪਰੰਤ ਗਿਆਰ੍ਹਵੀਂ ਸ਼੍ਰੇਣੀ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦਾ ਅਸਲ ਮਾਈਗ੍ਰੇਸ਼ਨ ਜਾਂ ਟਰਾਂਸਫਰ ਸਰਟੀਫਿਕੇਟ ਸਬੰਧਤ ਬੋਰਡ ਜੋ ਵੀ ਜਾਰੀ ਕਰਦਾ ਹੋਵੇ, ਤਾਂ ਇਹ ਅਸਲ ਮਾਈਗ੍ਰੇਸ਼ਨ ਜਾਂ ਟਰਾਂਸਫਰ ਸਰਟੀਫਿਕੇਟ (ਸਬੰਧਤ ਬੋਰਡ ਜਾਂ ਜਿਲਾ ਸਿੱਖਿਆ ਅਧਿਕਾਰੀ ਤੋਂ ਕਾਊਂਟਰ ਸਾਈਨ ਕਰਵਾਉਣ ਉਪਰੰਤ) ਅਤੇ ਦਸਵੀਂ ਸ਼੍ਰੇਣੀ ਪਾਸ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਵੀ ਹੋਰਨਾਂ ਦਸਤਾਵੇਜ਼ਾਂ ਨਾਲ ਖੇਤਰੀ ਦਫਤਰ ਵਿਖੇ ਜਮ੍ਹਾਂ ਕਰਵਾਉਣੇ ਲਾਜ਼ਮੀ ਹੋਣਗੇ।
6. ਜੇਕਰ ਕਿਸੇ ਵਿਦਿਆਰਥੀ ਨੂੰ ਹੇਠਲੀ ਸ਼੍ਰੇਣੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ ਤਾਂ ਆਨਲਾਈਨ ਐਂਟਰੀ ਕਰਦੇ ਸਮੇਂ ਵਿਦਿਆਰਥੀ ਦਾ ਰਜਿਸਟ੍ਰੇਸ਼ਨ ਨੰਬਰ ਭਰਨਾ ਯਕੀਨੀ ਬਣਾਇਆ ਜਾਵੇ ਅਤੇ ਸਬੂਤ ਵਜੋਂ ਦਸਤਾਵੇਜ਼ ਬਾਕੀ ਦਸਤਾਵੇਜ਼ਾਂ ਨਾਲ ਹੀ ਖੇਤਰੀ ਦਫਤਰ ਵਿੱਚ ਲਿਫਾਫੇ ਵਿੱਚ ਪਾ ਕੇ ਜਮ੍ਹਾਂ ਕਰਵਾਏ ਜਾਣ।
7. ਦਸਵੀਂ ਰੈਗੂਲਰ/ਓਪਨ ਪ੍ਰਣਾਲੀ ਰਾਹੀਂ ਰੀ-ਅਪੀਅਰ/ਕੰਪਾਰਟਮੈਂਟ ਵਿਦਿਆਰਥੀ ਜਿਹੜੇ ਪਹਿਲੇ ਦੋ ਮੌਕਿਆਂ ਵਿੱਚ ਦਸਵੀਂ ਪਾਸ ਕਰਦੇ ਹਨ, ਕੇਵਲ ਉਹਨਾਂ ਵਿਦਿਆਰਥੀਆਂ ਨੂੰ ਹੀ ਦਸਤਾਵੇਜ਼ ਚੈੱਕ ਕਰਨ ਉਪਰੰਤ ਰਜਿਸਟ੍ਰੇਸ਼ਨ ਨੰਬਰ ਜਾਰੀ ਕੀਤਾ ਜਾਵੇਗਾ ।

**ਆਨਲਾਈਨ ਰਜਿਸਟ੍ਰੇਸ਼ਨ/ ਕੰਟੀਨਿਊਸ਼ਨ ਕਰਨ ਸਬੰਧੀ ਹਦਾਇਤਾਂ :-**

- ਆਨ-ਲਾਈਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਨ ਲਈ ਭਰੇ ਜਾਣ ਵਾਲੇ ਫਾਰਮਾਂ ਸਬੰਧੀ ਸ਼੍ਰੇਣੀ ਵਾਈਜ਼ ਵਿਸਥਾਰ ਪੂਰਵਕ ਹੇਠਾਂ ਦੱਸਿਆ ਗਿਆ ਹੈ। ਇਹਨਾਂ ਆਨ-ਲਾਈਨ ਫਾਰਮਾਂ ਵਿੱਚ ਵੇਰਵੇ ਦਾਖਲਾ ਖਾਰਜ ਰਜਿਸਟਰ ਮੁਤਾਬਕ ਧਿਆਨ ਪੂਰਵਕ ਪੂਰੇ ਅਤੇ ਸਹੀ ਭਰੇ ਜਾਣ। ਇੱਥੇ ਇਹ ਵੀ ਧਿਆਨ ਰੱਖਿਆ ਜਾਵੇ ਕਿ ਆਨ-ਲਾਈਨ ਫਾਰਮ ਭਰਦੇ ਸਮੇਂ ਅੰਗਰੇਜ਼ੀ ਤੋਂ ਪੰਜਾਬੀ ਕੰਨਵਰਜ਼ਨ ਦੀ ਸੁਵਿਧਾ ਸਕੂਲ ਦੀ ਸਹਾਇਤਾ ਲਈ ਦਿੱਤੀ ਹੈ, ਜੇਕਰ ਕੰਨਵਰਜ਼ਨ ਨਹੀਂ ਹੁੰਦੀ ਤਾਂ ਨਾਲ ਲੱਗੇ Keyboard ਤੋਂ ਪੰਜਾਬੀ ਦੇ ਵੇਰਵੇ ਠੀਕ ਕਰਨਾ ਯਕੀਨੀ ਬਣਾਇਆ ਜਾਵੇ। ਪੰਜਾਬੀ ਵਿੱਚ ਵੇਰਵਿਆਂ ਦੀ ਗਲਤੀ ਦੀ ਜ਼ਿੰਮੇਵਾਰੀ ਸਕੂਲ ਦੀ ਹੀ ਹੋਵੇਗੀ। ਵੇਰਵੇ ਭਰਨ ਉਪਰੰਤ ਇਸਦਾ Rough Print ਲੈ ਕੇ ਇਸਨੂੰ 2-3 ਵਾਰ ਚੰਗੀ ਤਰ੍ਹਾਂ ਚੈੱਕ ਕਰ ਲਿਆ ਜਾਵੇ। ਜੇਕਰ ਕੋਈ ਸੋਧ ਲੋੜੀਂਦੀ ਹੈ, ਤਾਂ ਸੋਧ ਕਰਨ ਉਪਰੰਤ ਦੁਬਾਰਾ Rough Print ਲੈ ਕੇ ਚੈੱਕ ਕੀਤਾ ਜਾਵੇ। ਇਸ ਤੋਂ ਇਲਾਵਾ Student Verification Form ਦਾ ਪ੍ਰਿੰਟ ਕੱਢ ਕੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆ ਤੋਂ ਵੇਰਵੇ ਚੈੱਕ ਕਰਵਾ ਲਏ ਜਾਣ। ਵੇਰਵਿਆਂ ਸਬੰਧੀ ਪੂਰੀ ਤਸੱਲੀ ਕਰਨ ਉਪਰੰਤ ਹੀ ਫਾਈਨਲ ਸਬਮਿਸ਼ਨ ਕੀਤਾ ਜਾਵੇ। ਫਾਈਨਲ ਸਬਮਿਸ਼ਨ ਉਪਰੰਤ ਵੇਰਵੇ ਲਾਕ ਹੋ ਜਾਣਗੇ। ਜੇਕਰ ਇਸ ਉਪਰੰਤ ਵਿਦਿਆਰਥੀ ਦੇ ਵੇਰਵੇ ਭਰਨ ਸਮੇਂ ਸਕੂਲ ਵੱਲੋਂ ਕੋਈ ਗਲਤੀ ਹੁੰਦੀ ਹੈ, ਤਾਂ ਇਸ ਦੀ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਆਪਣੀ ਹੋਵੇਗੀ। ਫਾਈਨਲ ਪ੍ਰਿੰਟ ਦੀ ਕਾਪੀ ਵਿੱਚ ਹੱਥ ਨਾਲ ਕੀਤੀ ਸੋਧ ਸਵੀਕਾਰਨ ਯੋਗ ਨਹੀਂ ਹੋਵੇਗੀ।

- ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਸਬੰਧੀ ਇਹ ਧਿਆਨ ਵਿੱਚ ਰਹੇ ਕਿ ਜਦੋਂ ਤੱਕ ਫਾਈਨਲ ਸਬਮਿਸ਼ਨ ਨਹੀਂ ਕੀਤਾ ਜਾਂਦਾ, ਉਦੋਂ ਤੱਕ ਆਨਲਾਈਨ ਕੀਤੀ ਐਂਟਰੀ ਡੰਮੀ/ਪ੍ਰੈਡਿੰਗ ਐਂਟਰੀ ਮੰਨੀ ਜਾਵੇਗੀ ਅਤੇ ਇਸਨੂੰ ਸਵੀਕਾਰ ਵੀ ਨਹੀਂ ਕੀਤਾ ਜਾਵੇਗਾ।

**ਨੌਵੀਂ ਸ਼੍ਰੇਣੀ ਲਈ :-**

1. ਜਿਹੜੇ ਵਿਦਿਆਰਥੀ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਅੱਠਵੀਂ (ਰੈਗੂਲਰ) ਪਾਸ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਕੂਲਾਂ ਤੋਂ ਨੌਵੀਂ ਫੇਲ੍ਹ/ਗੈਰ-ਹਾਜ਼ਰ/ਰੱਦ ਹਨ ਜਾਂ ਅੱਠਵੀਂ ਸ਼੍ਰੇਣੀ ਵਿੱਚ ਰੀ-ਅਪੀਅਰ ਹੈ ਅਤੇ ਇਸਦੇ ਪਹਿਲੇ ਦੋ ਮੌਕਿਆਂ ਵਿੱਚੋਂ ਕੋਈ ਮੌਕਾ ਬਾਕੀ ਹੈ ਤਾਂ ਉਹ ਨੌਵੀਂ ਸ਼੍ਰੇਣੀ ਵਿੱਚ ਵੱਖ-ਵੱਖ ਆਪਸ਼ਨਾਂ/ਲਿੰਕ ਅਧੀਨ ਐਨ-3 (N-3) ਫਾਰਮ ਅਧੀਨ ਰਜਿਸਟਰਡ (import) ਕੀਤੇ ਜਾ ਸਕਦੇ ਹਨ। ਅੱਠਵੀਂ (ਰੈਗੂਲਰ) ਰੀ-ਅਪੀਅਰ ਵਿਦਿਆਰਥੀ ਜੋ ਨੌਵੀਂ ਵਿੱਚ ਦਾਖਲ ਕੀਤੇ ਗਏ ਹਨ ਉਹਨਾਂ ਦਾ ਦਾਖਲਾ ਪ੍ਰੋਵੀਜ਼ਨਲ ਮੰਨਿਆ ਜਾਵੇਗਾ ਅਤੇ ਜੇਕਰ ਉਹ ਵਿਦਿਆਰਥੀ ਪਹਿਲੇ ਦੋ ਮੌਕਿਆ ਵਿੱਚ ਅੱਠਵੀਂ ਪਾਸ ਕਰਦੇ ਹਨ ਤਾਂ ਨੌਵੀਂ ਦਾ ਨਤੀਜਾ ਘੋਸ਼ਿਤ ਕਰ ਦਿੱਤਾ ਜਾਵੇ ਅਤੇ ਜਿਹੜੇ ਪਹਿਲੇ ਦੋ ਮੌਕਿਆਂ ਵਿੱਚ ਅੱਠਵੀਂ ਪਾਸ ਨਹੀ ਕਰਦੇ ਹਨ, ਤਾਂ ਉਹਨਾਂ ਵਿਦਿਆਰਥੀਆਂ ਦਾ ਨੌਵੀਂ ਸ਼੍ਰੇਣੀ ਦਾ ਨਤੀਜਾ ਰੱਦ ਘੋਸ਼ਿਤ ਕੀਤਾ ਜਾਵੇ। ਇਹਨਾਂ ਵਿਦਿਆਰਥੀਆਂ ਨੂੰ ਰੋਲ ਨੰਬਰ, ਰਜਿਸਟ੍ਰੇਸ਼ਨ ਨੰਬਰ, ਆਧਾਰ ਕਾਰਡ ਰਾਹੀਂ ਅਤੇ ਈ-ਪੰਜਾਬ ਤੋਂ ਵੀ N-3 ਫਾਰਮ ਵਿੱਚ import ਕੀਤਾ ਜਾ ਸਕਦਾ ਹੈ।
2. ਪੰਜਾਬ ਸਕੂਲ ਸਿੱਖਿਆ ਬੋਰਡ ਅਧੀਨ ਪਿਛਲੇ ਤਿੰਨ ਸਾਲ ਤੋਂ ਪਹਿਲਾਂ ਕਿਸੇ ਵੀ ਸਾਲ ਵਿੱਚ ਅੱਠਵੀਂ ਪਾਸ ਜਾਂ ਨੌਵੀਂ ਫੇਲ੍ਹ/ਗੈਰ-ਹਾਜਰ/ਰੱਦ (ਕੇਵਲ ਰੈਗੂਲਰ) ਵਿਦਿਆਰਥੀਆਂ ਜਿੰਨ੍ਹਾਂ ਨੂੰ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ ਜਾਂ ਨਹੀ , ਤਾਂ ਅਜਿਹੇ ਵਿਦਿਆਰਥੀਆਂ ਦੀ ਨਵੀਂ ਐਂਟਰੀ ਵੀ N2 ਫਾਰਮ ਵਿੱਚ ਕੀਤੀ ਜਾਵੇ ਅਤੇ ਆਨ-ਲਾਈਨ ਫਾਰਮ ਭਰਨ ਸਮੇਂ ਬੋਰਡ ਦੀ ਸੂਚੀ ਵਿੱਚੋਂ P.S.E.B. ਸਿਲੈਕਟ ਕੀਤਾ ਜਾਵੇ। ਜੇਕਰ ਵਿਦਿਆਰਥੀ ਨੂੰ ਪਿਛਲੀ ਕਿਸੀ ਵੀ ਸ਼੍ਰੇਣੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ ਤਾਂ ਫਾਰਮ ਭਰਨ ਸਮੇਂ ਪਹਿਲਾਂ ਜਾਰੀ ਰਜਿਸਟ੍ਰੇਸ਼ਨ ਨੰਬਰ ਜਰੂਰ ਭਰਿਆ ਜਾਵੇ।
3. ਜਿਹੜੇ ਵਿਦਿਆਰਥੀ ਕਿਸੇ ਹੋਰ ਰਾਜ/ਬੋਰਡ (MHRD ਵੱਲੋਂ ਪ੍ਰਵਾਨਿਤ ਬੋਰਡਾਂ ਦੀ ਸੂਚੀ ਅਧੀਨ) ਤੋਂ ਅੱਠਵੀਂ ਦੀ ਪ੍ਰੀਖਿਆ ਪਾਸ ਜਾਂ ਨੌਵੀਂ ਫੇਲ੍ਹ (ਕੇਵਲ ਰੈਗੂਲਰ) ਹੋ ਕੇ ਆਏ ਹਨ, ਲਈ ਐਨ-2 (N-2) ਫਾਰਮ ਭਰਿਆ ਜਾਵੇ। ਆਨਲਾਈਨ ਫਾਰਮ ਭਰਨ ਸਮੇਂ ਅੱਠਵੀਂ ਕਿਸ ਬੋਰਡ ਤੋਂ ਪਾਸ ਜਾਂ ਨੌਵੀ ਫੇਲ ਹੈ, ਤਾਂ ਸਬੰਧਤ ਬੋਰਡ ਦਾ ਨਾਂ ਲਾਜ਼ਮੀ ਸਲੈਕਟ ਕੀਤਾ ਜਾਵੇ। ਜੇਕਰ ਬੋਰਡ ਦਾ ਨਾਂ ਸੂਚੀ ਵਿੱਚ ਨਾ ਹੋਵੇ ਤਾਂ Other ਬੋਰਡ ਸਲੈਕਟ ਕੀਤਾ ਜਾਵੇ ਅਤੇ ਦਿੱਤੇ ਖਾਨੇ ਵਿੱਚ ਬੋਰਡ ਦਾ ਨਾਮ ਲਿਖਿਆ ਜਾਵੇ। ਜੇਕਰ ਦੂਜੇ ਰਾਜ ਤੋਂ ਆਉਣ ਵਾਲੇ ਵਿਦਿਆਰਥੀ ਨੂੰ ਪਿਛਲੀ ਕਿਸੇ ਵੀ ਸ਼੍ਰੇਣੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ, ਤਾਂ ਆਨ-ਲਾਈਨ ਐਂਟਰੀ ਵੇਲੇ ਰਜਿਸਟ੍ਰੇਸ਼ਨ ਨੰਬਰ ਲਾਜ਼ਮੀ ਭਰਿਆ ਜਾਵੇ।

**ਦਸਵੀਂ ਸ਼੍ਰੇਣੀ ਲਈ :-**

1. ਪੰਜਾਬ ਰਾਜ ਦੇ ਬੋਰਡ ਨਾਲ ਸਬੰਧਤ ਸਕੂਲਾਂ ਤੋਂ ਨੌਵੀਂ ਪਾਸ ਜਾਂ ਦਸਵੀਂ ਫੇਲ੍ਹ/ਗੈਰ-ਹਾਜਰ/ਰੱਦ (ਕੇਵਲ ਰੈਗੂਲਰ) ਵਿਦਿਆਰਥੀਆਂ ਲਈ ਐਮ-1 (M-1) ਫਾਰਮ ਭਰਿਆ ਜਾਵੇ। ਇਸ ਫਾਰਮ ਵਿੱਚ ਆਨਲਾਈਨ ਪੋਰਟਲ ਅਧੀਨ ਵੱਖ-ਵੱਖ ਆਪਸ਼ਨਾਂ ਰਾਹੀਂ ਵਿਦਿਆਰਥੀਆਂ ਨੂੰ import ਕੀਤਾ ਜਾ ਸਕੇਗਾ। Import ਕਰਨ ਉਪਰੰਤ modify ਕਰਕੇ ਵਿਦਿਆਰਥੀਆਂ ਵੱਲੋਂ ਲਏ ਵਿਸ਼ੇ ਅਤੇ ਹੋਰ ਜਾਣਕਾਰੀ ਭਰੀ ਜਾਵੇ।

2. ਪੰਜਾਬ ਸਕੂਲ ਸਿੱਖਿਆ ਬੋਰਡ ਅਧੀਨ ਪਿਛਲੇ ਤਿੰਨ ਸਾਲ ਤੋਂ ਪਹਿਲਾਂ ਕਿਸੇ ਵੀ ਸਾਲ ਵਿੱਚ ਨੌਵੀਂ ਪਾਸ ਜਾਂ ਦਸਵੀਂ ਫੇਲ੍ਹ/ਗੈਰ-ਹਾਜਰ/ਰੱਦ (ਕੇਵਲ ਰੈਗੂਲਰ) ਵਿਦਿਆਰਥੀਆਂ ਜਿੰਨ੍ਹਾਂ ਨੂੰ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ ਜਾਂ ਨਹੀ ਤਾਂ ਅਜਿਹੇ ਵਿਦਿਆਰਥੀਆਂ ਦੀ ਨਵੀਂ ਐਂਟਰੀ ਵੀ M2 ਫਾਰਮ ਵਿੱਚ ਕੀਤੀ ਜਾਵੇ ਅਤੇ ਆਨ-ਲਾਈਨ ਫਾਰਮ ਭਰਨ ਸਮੇਂ ਬੋਰਡ ਦੀ ਸੂਚੀ ਵਿੱਚੋਂ P.S.E.B. ਸਿਲੈਕਟ ਕੀਤਾ ਜਾਵੇ। ਜੇਕਰ ਵਿਦਿਆਰਥੀ ਨੂੰ ਪਿਛਲੀ ਕਿਸੀ ਵੀ ਸ਼੍ਰੇਣੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ ਤਾਂ ਫਾਰਮ ਭਰਨ ਸਮੇਂ ਪਹਿਲਾਂ ਜਾਰੀ ਰਜਿਸਟ੍ਰੇਸ਼ਨ ਨੰਬਰ ਜਰੂਰ ਭਰਿਆ ਜਾਵੇ।
3. ਕਿਸੇ ਦੂਜੇ ਰਾਜ/ਬੋਰਡ (MHRD ਵੱਲੋਂ ਪ੍ਰਵਾਨਿਤ ਬੋਰਡਾਂ ਦੀ ਸੂਚੀ ਅਧੀਨ) ਤੋਂ ਨੌਵੀਂ ਦੀ ਪ੍ਰੀਖਿਆ ਪਾਸ/ਦਸਵੀਂ ਫੇਲ੍ਹ (ਕੇਵਲ ਰੈਗੂਲਰ) ਵਿਦਿਆਰਥੀਆਂ ਲਈ ਫਾਰਮ ਐਮ-2 (M-2) ਭਰਿਆ ਜਾਵੇ। ਆਨਲਾਈਨ ਫਾਰਮ ਭਰਨ ਸਮੇਂ ਵਿਦਿਆਰਥੀ ਜਿਸ ਵੀ ਬੋਰਡ ਤੋਂ ਨੌਵੀਂ ਪਾਸ /ਦਸਵੀਂ ਫੇਲ੍ਹ ਹੈ, ਦਾ ਨਾਂ ਬੋਰਡ ਦੀ ਸੂਚੀ ਵਿੱਚੋਂ ਲਾਜ਼ਮੀ ਸਲੈਕਟ ਕੀਤਾ ਜਾਵੇ। ਜੇਕਰ ਬੋਰਡ ਦਾ ਨਾਂ ਸੂਚੀ ਵਿੱਚ ਨਾ ਹੋਵੇ, ਤਾਂ OTHER BOARD ਸਲੈਕਟ ਕੀਤਾ ਜਾਵੇ ਅਤੇ ਦਿੱਤੇ ਖਾਨੇ ਵਿੱਚ ਬੋਰਡ ਦਾ ਨਾਮ ਲਿਖਿਆ ਜਾਵੇ। ਜੇਕਰ ਦੂਜੇ ਰਾਜ ਤੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਪਿਛਲੀ ਕਿਸੇ ਵੀ ਸ਼੍ਰੇਣੀ ਵਿੱਚ ਪੰਜਾਬ ਬੋਰਡ ਵੱਲੋਂ ਰਜਿਸਟਰੇਸ਼ਨ ਨੰਬਰ ਜਾਰੀ ਹੋਇਆ ਹੈ, ਤਾਂ ਆਨ-ਲਾਈਨ ਐਂਟਰੀ ਵੇਲੇ ਰਜਿਸਟ੍ਰੇਸ਼ਨ ਨੰਬਰ ਲਾਜ਼ਮੀ ਭਰਿਆ ਜਾਵੇ।
4. ਦਸਵੀਂ ਓਪਨ ਸ਼੍ਰੇਣੀ ਵਿੱਚ ਫੇਲ ਵਿਦਿਆਰਥੀ ਦਸਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੇ ਯੋਗ ਨਹੀ ਹੋਣਗੇ, ਅਜਿਹੇ ਵਿਦਿਆਰਥੀਆਂ ਨੂੰ ਨੌਵੀਂ ਸ਼੍ਰੇਣੀ ਰੈਗੂਲਰ ਕਰਨੀ ਪਵੇਗੀ ਜਾਂ ਦਸਵੀਂ ਓਪਨ ਬੋਰਡ ਰਾਹੀਂ ਹੀ ਕਰ ਸਕਦੇ ਹਨ।

**ਗਿਆਰ੍ਹਵੀਂ ਸ਼੍ਰੇਣੀ ਲਈ :-**

1. ਜਿਹੜੇ ਵਿਦਿਆਰਥੀ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਦਸਵੀਂ (ਰੈਗੂਲਰ/ਓਪਨ ਸਕੂਲ)ਪਾਸ ਅਤੇ ਪੰਜਾਬ ਰਾਜ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਕੂਲਾਂ ਤੋਂ ਗਿਆਰ੍ਹਵੀਂ ਫੇਲ੍ਹ/ਗੈਰ-ਹਾਜ਼ਰ/ਰੱਦ ਹਨ ਜਾਂ ਦਸਵੀਂ ਸ਼੍ਰੇਣੀ ਵਿੱਚ ਰੀ-ਅਪੀਅਰ ਹੈ ਅਤੇ ਇਸਦੇ ਪਹਿਲੇ ਦੋ ਮੌਕਿਆਂ ਵਿੱਚੋਂ ਕੋਈ ਮੌਕਾ ਬਾਕੀ ਹੈ ਤਾਂ ਉਹ ਗਿਆਰ੍ਹਵੀਂ ਸ਼੍ਰੇਣੀ ਵਿੱਚ ਵੱਖ-ਵੱਖ ਆਪਸ਼ਨਾਂ/ਲਿੰਕ ਅਧੀਨ ਈ-1 (E-1) ਫਾਰਮ ਅਧੀਨ ਰਜਿਸਟਰਡ (import) ਕੀਤੇ ਜਾ ਸਕਦੇ ਹਨ। ਦਸਵੀਂ ਦੇ (ਰੈਗੂਲਰ/ਓਪਨ ਸਕੂਲ) ਰੀ-ਅਪੀਅਰ ਵਿਦਿਆਰਥੀ ਜੋ ਗਿਆਰ੍ਹਵੀਂ ਵਿੱਚ ਦਾਖਲ ਕੀਤੇ ਗਏ ਹਨ ਉਹਨਾਂ ਦਾ ਦਾਖਲਾ ਪ੍ਰੋਵੀਜ਼ਨਲ ਮੰਨਿਆ ਜਾਵੇਗਾ ਅਤੇ ਜੇਕਰ ਉਹ ਵਿਦਿਆਰਥੀ ਪਹਿਲੇ ਦੋ ਮੌਕਿਆ ਵਿੱਚ ਦਸਵੀਂ ਪਾਸ ਕਰਦੇ ਹਨ ਤਾਂ ਗਿਆਰ੍ਹਵੀਂ ਦਾ ਨਤੀਜਾ ਘੋਸ਼ਿਤ ਕਰ ਦਿੱਤਾ ਜਾਵੇ ਅਤੇ ਜਿਹੜੇ ਪਹਿਲੇ ਦੋ ਮੌਕਿਆਂ ਵਿੱਚ ਦਸਵੀਂ ਪਾਸ ਨਹੀ ਕਰਦੇ ਹਨ, ਤਾਂ ਉਹਨਾਂ ਵਿਦਿਆਰਥੀਆਂ ਦਾ ਗਿਆਰ੍ਹਵੀਂ ਸ਼੍ਰੇਣੀ ਦਾ ਨਤੀਜਾ ਰੱਦ ਘੋਸ਼ਿਤ ਕੀਤਾ ਜਾਵੇ। ਇਹਨਾਂ ਵਿਦਿਆਰਥੀਆਂ ਨੂੰ ਰੋਲ ਨੰਬਰ, ਰਜਿਸਟ੍ਰੇਸ਼ਨ ਨੰਬਰ, ਆਧਾਰ ਕਾਰਡ ਨੰਬਰ ਅਧੀਨ ਹੀ E-1 ਫਾਰਮ ਵਿੱਚ import ਕੀਤਾ ਜਾਵੇ।
2. ਪੰਜਾਬ ਸਕੂਲ ਸਿੱਖਿਆ ਬੋਰਡ ਅਧੀਨ ਪਿਛਲੇ ਤਿੰਨ ਸਾਲ ਤੋਂ ਪਹਿਲਾਂ ਕਿਸੇ ਵੀ ਸਾਲ ਵਿੱਚ ਦਸਵੀਂ ਪਾਸ ਜਾਂ ਗਿਆਰ੍ਹਵੀਂ ਫੇਲ੍ਹ (ਕੇਵਲ ਰੈਗੂਲਰ) ਵਿਦਿਆਰਥੀਆਂ ਜਿੰਨ੍ਹਾਂ ਨੂੰ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ ਜਾਂ ਨਹੀ ਹੋਇਆ ਹੈ ਤਾਂ ਅਜਿਹੇ ਵਿਦਿਆਰਥੀਆਂ ਦੀ ਨਵੀਂ ਐਂਟਰੀ E2 ਫਾਰਮ ਵਿੱਚ ਕੀਤੀ ਜਾਵੇ। ਆਨ-ਲਾਈਨ ਫਾਰਮ ਭਰਨ ਸਮੇਂ ਬੋਰਡ ਦੀ ਸੂਚੀ ਵਿੱਚੋਂ P.S.E.B. ਸਿਲੈਕਟ ਕੀਤਾ ਜਾਵੇ। ਜੇਕਰ ਵਿਦਿਆਰਥੀ ਨੂੰ ਪਿਛਲੀ ਕਿਸੀ ਵੀ ਸ਼੍ਰੇਣੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ ਤਾਂ ਫਾਰਮ ਭਰਨ ਸਮੇਂ ਪਹਿਲਾਂ ਜਾਰੀ ਰਜਿਸਟ੍ਰੇਸ਼ਨ ਨੰਬਰ ਜ਼ਰੂਰ ਭਰਿਆ ਜਾਵੇ।
3. ਜਿਹੜੇ ਵਿਦਿਆਰਥੀ ਕਿਸੇ ਦੂਜੇ ਰਾਜ/ਬੋਰਡ (MHRD ਵੱਲੋਂ ਪ੍ਰਵਾਨਿਤ ਬੋਰਡਾਂ ਦੀ ਸੂਚੀ ਅਧੀਨ) ਤੋਂ ਦਸਵੀਂ (ਰੈਗੂਲਰ/ਓਪਨ ਸਕੂਲ) ਪ੍ਰੀਖਿਆ ਪਾਸ/ਗਿਆਰ੍ਹਵੀਂ ਫੇਲ੍ਹ ਹਨ, ਲਈ ਈ-2 (E-2) ਫਾਰਮ ਭਰਿਆ ਜਾਵੇ।

- ਆਨਲਾਈਨ ਰਜਿਸਟ੍ਰੇਸ਼ਨ ਫਾਰਮ ਭਰਨ ਸਮੇਂ ਵਿਦਿਆਰਥੀ ਜਿਹੜੇ ਬੋਰਡ ਤੋਂ ਦਸਵੀਂ ਪਾਸ/ ਗਿਆਰ੍ਹਵੀਂ ਫੇਲ੍ਹ ਹੈ ਉਸ ਬੋਰਡ ਦਾ ਨਾਂ ਸੂਚੀ ਵਿੱਚ ਲਾਜ਼ਮੀ ਸਲੈਕਟ ਕੀਤਾ ਜਾਵੇ। ਜੇਕਰ ਬੋਰਡ ਦਾ ਨਾਂ ਸੂਚੀ ਵਿੱਚ ਨਾ ਹੋਵੇ, ਤਾਂ Other Board ਸਲੈਕਟ ਕੀਤਾ ਜਾਵੇ ਅਤੇ ਦਿੱਤੇ ਖਾਨੇ ਵਿੱਚ ਬੋਰਡ ਦਾ ਨਾਮ ਲਿਖਿਆ ਜਾਵੇ। ਜੇਕਰ ਦੂਜੇ ਰਾਜ ਤੋਂ ਆਉਣ ਵਾਲੇ ਵਿਦਿਆਰਥੀ ਨੂੰ ਪਿਛਲੀ ਕਿਸੇ ਵੀ ਸ਼੍ਰੇਣੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ, ਤਾਂ ਆਨ-ਲਾਈਨ ਐਂਟਰੀ ਵੇਲੇ ਪਹਿਲਾਂ ਜਾਰੀ ਰਜਿਸਟ੍ਰੇਸ਼ਨ ਨੰਬਰ ਲਾਜ਼ਮੀ ਭਰਿਆ ਜਾਵੇ।

**ਬਾਰਵੀਂ ਸ਼੍ਰੇਣੀ ਲਈ :-**

1. ਪੰਜਾਬ ਰਾਜ ਦੇ ਬੋਰਡ ਨਾਲ ਸਬੰਧਤ ਸਕੂਲਾਂ ਤੋਂ ਗਿਆਰ੍ਹਵੀਂ ਪਾਸ ਜਾਂ ਬਾਰਵੀਂ ਫੇਲ੍ਹ/ਗੈਰ-ਹਾਜ਼ਰ/ਰੱਦ (ਕੇਵਲ ਰੈਗੂਲਰ) ਵਿਦਿਆਰਥੀਆਂ ਲਈ ਟੀ-1 (T-1) ਫਾਰਮ ਭਰਿਆ ਜਾਵੇ। ਇਸ ਫਾਰਮ ਵਿੱਚ ਆਨਲਾਈਨ ਪੋਰਟਲ ਅਧੀਨ ਵੱਖ-ਵੱਖ ਆਪਸ਼ਨਾਂ ਰਾਹੀਂ ਵਿਦਿਆਰਥੀਆਂ ਨੂੰ import ਕੀਤਾ ਜਾ ਸਕੇਗਾ। Import ਕਰਨ ਉਪਰੰਤ modify ਕਰਕੇ ਵਿਦਿਆਰਥੀਆਂ ਵੱਲੋਂ ਲਏ ਵਿਸ਼ੇ ਅਤੇ ਹੋਰ ਜਾਣਕਾਰੀ ਭਰੀ ਜਾਵੇ।
2. ਪੰਜਾਬ ਸਕੂਲ ਸਿੱਖਿਆ ਬੋਰਡ ਅਧੀਨ ਪਿਛਲੇ ਤਿੰਨ ਸਾਲ ਤੋਂ ਪਹਿਲਾਂ ਕਿਸੇ ਵੀ ਸਾਲ ਵਿੱਚ ਗਿਆਰ੍ਹਵੀਂ ਪਾਸ ਜਾਂ ਬਾਰ੍ਹਵੀਂ ਫੇਲ੍ਹ/ਗੈਰ-ਹਾਜ਼ਰ/ਰੱਦ (ਕੇਵਲ ਰੈਗੂਲਰ) ਵਿਦਿਆਰਥੀਆਂ ਜਿੰਨ੍ਹਾਂ ਨੂੰ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ ਜਾਂ ਨਹੀ ਤਾਂ ਅਜਿਹੇ ਵਿਦਿਆਰਥੀਆਂ ਦੀ ਨਵੀਂ ਐਂਟਰੀ T2 ਫਾਰਮ ਵਿੱਚ ਕੀਤੀ ਜਾਵੇ। ਆਨ-ਲਾਈਨ ਫਾਰਮ ਭਰਨ ਸਮੇਂ ਬੋਰਡ ਦੀ ਸੂਚੀ ਵਿੱਚੋਂ P.S.E.B. ਸਿਲੈਕਟ ਕੀਤਾ ਜਾਵੇ। ਜੇਕਰ ਵਿਦਿਆਰਥੀ ਨੂੰ ਪਿਛਲੀ ਕਿਸੀ ਵੀ ਸ਼੍ਰੇਣੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ ਤਾਂ ਫਾਰਮ ਭਰਨ ਸਮੇਂ ਪਹਿਲਾਂ ਜਾਰੀ ਰਜਿਸਟ੍ਰੇਸ਼ਨ ਨੰਬਰ ਜਰੂਰ ਭਰਿਆ ਜਾਵੇ।
3. ਜਿਹੜੇ ਵਿਦਿਆਰਥੀ ਕਿਸੇ ਦੂਜੇ ਰਾਜ/ ਬੋਰਡ (MHRD ਵੱਲੋਂ ਪ੍ਰਵਾਨਿਤ ਬੋਰਡਾਂ ਦੀ ਸੂਚੀ ਅਧੀਨ) ਤੋਂ ਗਿਆਰ੍ਹਵੀਂ ਪ੍ਰੀਖਿਆ ਪਾਸ/ਬਾਰਵੀਂ ਫੇਲ੍ਹ (ਕੇਵਲ ਰੈਗੂਲਰ) ਹਨ, ਲਈ ਟੀ-2 (T-2) ਫਾਰਮ ਭਰਿਆ ਜਾਵੇ। ਆਨਲਾਈਨ ਰਜਿਸਟ੍ਰੇਸ਼ਨ ਫਾਰਮ ਭਰਨ ਸਮੇਂ ਵਿਦਿਆਰਥੀ ਨੇ ਗਿਆਰ੍ਹਵੀਂ ਪਾਸ/ਬਾਰਵੀਂ ਫੇਲ੍ਹ ਕਿਸ ਬੋਰਡ ਤੋਂ ਕੀਤੀ ਹੈ, ਦਾ ਨਾਂ ਬੋਰਡ ਦੀ ਸੂਚੀ ਵਿੱਚੋਂ ਲਾਜ਼ਮੀ ਸਲੈਕਟ ਕੀਤਾ ਜਾਵੇ। ਜੇਕਰ ਬੋਰਡ ਦਾ ਨਾਂ ਸੂਚੀ ਵਿੱਚ ਨਾ ਹੋਵੇ, ਤਾਂ Other Board ਸਲੈਕਟ ਕੀਤਾ ਜਾਵੇ ਅਤੇ ਦਿੱਤੇ ਖਾਨੇ ਵਿੱਚ ਬੋਰਡ ਦਾ ਨਾਮ ਲਿਖਿਆ ਜਾਵੇ। ਜੇਕਰ ਦੂਜੇ ਰਾਜ ਤੋਂ ਆਉਣ ਵਾਲੇ ਵਿਦਿਆਰਥੀ ਨੂੰ ਪਿਛਲੀ ਕਿਸੇ ਵੀ ਸ਼੍ਰੇਣੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ, ਤਾਂ ਆਨ-ਲਾਈਨ ਐਂਟਰੀ ਵੇਲੇ ਰਜਿਸਟ੍ਰੇਸ਼ਨ ਨੰਬਰ ਲਾਜ਼ਮੀ ਭਰਿਆ ਜਾਵੇ।
4. ਬਾਰ੍ਹਵੀਂ ਓਪਨ ਸ਼੍ਰੇਣੀ ਵਿੱਚ ਫੇਲ ਵਿਦਿਆਰਥੀ ਬਾਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੇ ਯੋਗ ਨਹੀ ਹੋਣਗੇ, ਅਜਿਹੇ ਵਿਦਿਆਰਥੀਆਂ ਨੂੰ ਗਿਆਰ੍ਹਵੀਂ ਸ਼੍ਰੇਣੀ ਰੈਗੂਲਰ ਕਰਨੀ ਪਵੇਗੀ ਜਾਂ ਬਾਰ੍ਹਵੀਂ ਓਪਨ ਬੋਰਡ ਰਾਹੀਂ ਹੀ ਕਰ ਸਕਦੇ ਹਨ।

**ਸਕੂਲ ਤੋਂ ਸਕੂਲ ਮਾਈਗ੍ਰੇਸ਼ਨ :-**

1. ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਉਪਰੰਤ ਜੇਕਰ ਕਿਸੇ ਵਿਦਿਆਰਥੀ ਨੇ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਉਣੀ ਹੈ (ਭਾਵ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਇੱਕ ਸਕੂਲ ਤੋਂ ਦੂਸਰੇ ਸਕੂਲ ਵਿੱਚ ਵਿੱਚ ਦਾਖਲ ਹੋਣਾ ਹੈ), ਤਾਂ ਉਹ ਨਵੇਂ ਸਕੂਲ ਨੂੰ ਬੇਨਤੀ-ਪੱਤਰ ਦੇਵੇਗਾ।

2. ਨਵਾਂ ਸਕੂਲ ਜੇਕਰ ਵਿਦਿਆਰਥੀ ਦੀ ਬੇਨਤੀ ਸਵੀਕਾਰ ਕਰ ਲਵੇਗਾ ਤਾਂ ਨਵਾਂ ਸਕੂਲ ਆਨ-ਲਾਈਨ request generate ਕਰਕੇ ਪੁਰਾਣੇ ਸਕੂਲ ਤੋਂ ਇਸ ਸਬੰਧੀ ਸਹਿਮਤੀ ਲਵੇਗਾ।
3. ਪੁਰਾਣੇ ਸਕੂਲ ਵੱਲੋਂ request accept ਕਰਨ ਉਪਰੰਤ ਨਿਰਧਾਰਤ ਫੀਸ ਆਨ-ਲਾਈਨ ਜਮ੍ਹਾਂ ਕਰਵਾ ਕੇ ਵਿਦਿਆਰਥੀ ਨੂੰ ਨਵੇਂ ਸਕੂਲ ਵਿੱਚ ਮਾਈਗ੍ਰੇਟ ਕਰ ਦਿੱਤਾ ਜਾਵੇਗਾ।
4. ਨਿਰਧਾਰਿਤ ਮਿਤੀ ਤੋਂ ਬਾਅਦ ਵਿਰਲੇ ਕੇਸਾਂ ਜਿਵੇਂ ਮਾਤਾ/ ਪਿਤਾ/ ਗਾਰਡੀਅਨ ਦੀ ਬਦਲੀ/ ਅਚਾਨਕ ਮੌਤ ਹੋਣ ਦੀ ਸੂਰਤ ਵਿੱਚ ਸਕੂਲ ਦਾ ਲੈਟਰ ਹੈਡ ਅਤੇ ਸਬੂਤ ਵਜੋਂ ਦਸਤਾਵੇਜ਼ ਸਕੈਨ ਕਰਕੇ ਚੇਅਰਮੈਨ ਜੀ ਤੋਂ ਆਗਿਆ ਲੈਣ ਲਈ ਸਕੂਲ ਵੱਲੋਂ ਆਨ-ਲਾਈਨ Request ਸ਼ਾਖਾ ਨੂੰ ਭੇਜਣੀ ਹੋਵੇਗੀ। ਚੇਅਰਮੈਨ ਜੀ ਵੱਲੋਂ ਆਗਿਆ ਦੇਣ ਤੇ ਨਿਰਧਾਰਤ ਫੀਸ ਆਨ-ਲਾਈਨ ਜਮ੍ਹਾਂ ਕਰਵਾ ਕੇ ਸਕੂਲ ਵੱਲੋਂ ਆਪਣੇ ਪੱਧਰ ਤੇ ਮਾਈਗ੍ਰੇਸ਼ਨ ਕੀਤੀ ਜਾਵੇ। ਇਹ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਸਲਾਨਾ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ 45 ਦਿਨ ਪਹਿਲਾਂ ਤੱਕ ਕਰਵਾਈ ਜਾ ਸਕਦੀ ਹੈ।
5. ਜੇਕਰ ਕੋਈ ਸਕੂਲ ਮੁੱਖੀ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਏ ਬਿਨ੍ਹਾਂ ਕਿਸੇ ਵਿਦਿਆਰਥੀ ਨੂੰ ਦਾਖਲਾ ਦਿੰਦਾ ਹੈ ਤਾਂ ਉਸ ਵਿਦਿਆਰਥੀ ਦੀ ਆਨ-ਲਾਈਨ ਐਂਟਰੀ ਪਿਛਲੇ ਸਕੂਲ ਵਿੱਚ ਹੀ ਸ਼ੋਅ ਹੋਵੇਗੀ। ਜਿਸ ਕਰਕੇ ਦਸਵੀਂ/ਬਾਰਵੀਂ ਸ਼੍ਰੇਣੀ ਵਿੱਚ ਨਵੇਂ ਸਕੂਲ ਵੱਲੋਂ ਵਿਦਿਆਰਥੀਆਂ ਦੇ ਪ੍ਰੀਖਿਆ ਫਾਰਮ ਜਨਰੇਟ ਨਹੀਂ ਕੀਤੇ ਜਾ ਸਕਣਗੇ ਅਤੇ ਨਾ ਹੀ ਨੌਵੀਂ/ਗਿਆਰ੍ਹਵੀਂ ਸ਼੍ਰੇਣੀ ਵਿੱਚ ਵਿਦਿਆਰਥੀਆਂ ਦਾ ਆਨ-ਲਾਈਨ ਰਿਜ਼ਲਟ ਅਪਲੋਡ ਕਰ ਸਕਣਗੇ। ਇਸ ਲਈ ਸਕੂਲ ਮੁੱਖੀ ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀ ਮਿਤੀਆਂ ਖਤਮ ਹੋਣ ਉਪਰੰਤ ਕਿਸੇ ਵੀ ਵਿਦਿਆਰਥੀ ਨੂੰ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਏ ਬਿਨਾਂ ਸਕੂਲ ਵਿੱਚ ਦਾਖਲਾ ਨਾ ਦਿੱਤਾ ਜਾਵੇ। ਜੇਕਰ ਕੋਈ ਸਕੂਲ ਮੁੱਖੀ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਏ ਬਿਨ੍ਹਾਂ ਵਿਦਿਆਰਥੀ ਨੂੰ ਸਕੂਲ ਵਿੱਚ ਦਾਖਲ ਕਰਦਾ ਹੈ ਤਾਂ ਅਣਗਹਿਲੀ ਦੀ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੀ ਹੋਵੇਗੀ ਅਤੇ ਇਸ ਸਬੰਧੀ ਬੋਰਡ ਵੱਲੋਂ ਨਿਯਮਾਂ ਅਨੁਸਾਰ ਸਕੂਲ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

**ਇੰਟਰਬੋਰਡ ਮਾਈਗ੍ਰੇਸ਼ਨ :-**

1. ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਉਪਰੰਤ ਦੂਜੇ ਰਾਜ/ਬੋਰਡ ਤੋਂ ਪੜ੍ਹਦੇ ਆ ਰਹੇ ਵਿਦਿਆਰਥੀ ਜੇਕਰ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਕੂਲ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ ਤਾਂ ਦੂਜੇ ਰਾਜ/ਬੋਰਡ ਦੇ ਸਕੂਲ ਤੋਂ ਟੀ.ਸੀ. ਕਟਵਾਉਣ ਦੇ 15 ਦਿਨ ਦੇ ਵਿੱਚ-ਵਿੱਚ ਜਿਸ ਸਕੂਲ ਵਿੱਚ ਦਾਖਲਾ ਲੈਣਾ ਹੈ, ਨੂੰ ਇੰਟਰ-ਬੋਰਡ ਮਾਈਗ੍ਰੇਸ਼ਨ ਕਰਵਾਉਣ ਸਬੰਧੀ ਬੇਨਤੀ-ਪੱਤਰ ਦੇਵੇਗਾ। ਜੇਕਰ ਸਕੂਲ ਬੇਨਤੀ ਸਵੀਕਾਰ ਕਰਦਾ ਹੈ ਤਾਂ ਵਿਦਿਆਰਥੀ ਕੋਲੋਂ ਸ਼੍ਰੇਣੀ ਵਾਈਜ਼ ਦੂਜੇ ਰਾਜ/ਬੋਰਡਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਤੋਂ ਲਏ ਜਾਣ ਵਾਲੇ ਦਸਤਾਵੇਜ਼ ਲੈ ਕੇ ਇੰਟਰ-ਬੋਰਡ ਮਾਈਗ੍ਰੇਸ਼ਨ ਕਰਨ ਲਈ ਸਕੂਲ ਦਾ ਲੈਟਰ ਹੈਡ ਅਤੇ ਵਿਦਿਆਰਥੀ ਦੇ ਦਸਤਾਵੇਜ਼ ਸਕੈਨ ਕਰਕੇ ਚੇਅਰਮੈਨ ਜੀ ਤੋਂ ਆਗਿਆ ਲੈਣ ਲਈ ਆਨ-ਲਾਈਨ Request ਰਜਿਸਟ੍ਰੇਸ਼ਨ ਸ਼ਾਖਾ ਨੂੰ ਭੇਜੀ ਜਾਵੇ। ਚੇਅਰਮੈਨ ਜੀ ਵੱਲੋਂ ਹੋਏ ਹੁਕਮਾਂ ਅਨੁਸਾਰ ਰਜਿਸਟ੍ਰੇਸ਼ਨ ਸ਼ਾਖਾ ਵੱਲੋਂ ਇੰਟਰ-ਬੋਰਡ ਮਾਈਗ੍ਰੇਸ਼ਨ ਦੀ Request ਨੂੰ Accept ਜਾਂ Reject ਕੀਤਾ ਜਾਵੇਗਾ। ਜੇਕਰ Request accept ਹੁੰਦੀ ਹੈ ਤਾਂ ਇਸ ਉਪਰੰਤ ਨਿਰਧਾਰਤ ਫੀਸ ਆਨ-ਲਾਈਨ ਜਮ੍ਹਾਂ ਕਰਵਾ ਕੇ ਸਕੂਲ ਵੱਲੋਂ ਆਪਣੇ ਪੱਧਰ ਤੇ ਸਬੰਧਤ ਫਾਰਮ ਵਿੱਚ ਐਂਟਰੀ ਕੀਤੀ ਜਾਵੇ। ਇਹ ਇੰਟਰ-ਬੋਰਡ ਮਾਈਗ੍ਰੇਸ਼ਨ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਸਲਾਨਾ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ 45 ਦਿਨ ਪਹਿਲਾਂ ਤੱਕ ਕਰਵਾਈ ਜਾ ਸਕਦੀ ਹੈ।

**ਫਾਈਨਲ ਸਬਮਿਸ਼ਨ ਕਰਨ ਸਬੰਧੀ ਹਦਾਇਤਾਂ :-**

ਬੋਰਡ ਵੱਲੋਂ ਜਾਰੀ ਹਦਾਇਤਾਂ ਮੁਤਾਬਕ ਆਨਲਾਈਨ ਸਾਰੇ ਵੇਰਵੇ ਭਰਨ ਅਤੇ ਇਹਨਾਂ ਦਾ Rough Print ਚੈੱਕ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫਾਈਨਲ ਸਬਮਿਸ਼ਨ ਕੀਤਾ ਜਾਵੇ :-

1. ਕਿਸੇ ਵੀ ਫਾਰਮ ਵਿੱਚ ਐਂਟਰੀ ਕਰਨ ਉਪਰੰਤ ਵਿਦਿਆਰਥੀਆਂ ਦੀ ਫਾਈਨਲ ਸਬਮਿਸ਼ਨ MULTIPLE LOT (ਭਾਵ ਇੱਕ ਵਾਰ ਫਾਈਨਲ ਸਬਮਿਸ਼ਨ ਕਰਨ ਉਪਰੰਤ ਉਸ ਤੋਂ ਬਾਅਦ ਵੀ ਬਾਕੀ ਰਹਿੰਦੇ ਵਿਦਿਆਰਥੀਆਂ ਦੀ ਫਾਈਨਲ ਸਬਮਿਸ਼ਨ ਦੁਬਾਰਾ ਵੱਖ-ਵੱਖ LOTS ਰਾਹੀਂ ਵੀ ਸ਼ਡਿਊਲ ਵਿੱਚ ਨਿਰਧਾਰਿਤ ਆਖਰੀ ਮਿਤੀ ਤੱਕ ) ਵਿੱਚ ਕੀਤੀ ਜਾ ਸਕਦੀ ਹੈ ।
2. ਆਨਲਾਈਨ ਫਾਰਮ ਵਿੱਚ ਵਿਦਿਆਰਥੀਆਂ ਦੇ ਸਹੀ ਵੇਰਵੇ ਭਰਨ ਅਤੇ ਰਫ ਪ੍ਰਿੰਟ ਚੈੱਕ ਕਰਨ ਉਪਰੰਤ **Calculate Fee** ਤੇ ਕਲਿੱਕ ਕੀਤਾ ਜਾਵੇ। ਕਲਿੱਕ ਕਰਨ ਉਪਰੰਤ ਐਂਟਰ ਕੀਤੇ ਵਿਦਿਆਰਥੀਆਂ ਦੀ ਫਾਰਮ-ਵਾਈਜ਼ ਗਿਣਤੀ ਅਤੇ ਫੀਸ ਦਿਖੇਗੀ। ਜੇਕਰ ਕਿਸੇ ਵਿਦਿਆਰਥੀ ਦੇ ਵੇਰਵੇ ਅਧੂਰੇ ਭਰੇ ਹਨ ਤਾਂ ਫੀਸ ਵਾਲਾ ਪੰਨਾ ਨਹੀਂ ਦਿਖੇਗਾ, ਬਲਕਿ ਉਹਨਾਂ ਵਿਦਿਆਰਥੀਆਂ ਦੀ ਸੂਚੀ ਦਿਖੇਗੀ। ਇਹਨਾਂ ਵਿਦਿਆਰਥੀਆਂ ਦੇ ਵੇਰਵੇ ਪੂਰਨ ਕਰਨ ਉਪਰੰਤ ਮੁੜ Calculate Fee ਤੇ ਕਲਿੱਕ ਕੀਤਾ ਜਾਵੇ। ਸਕਰੀਨ ਉੱਪਰ ਦਿੱਖ ਰਹੀ ਗਿਣਤੀ / ਫੀਸ ਜੇਕਰ ਠੀਕ ਹੈ, ਤਾਂ Final Submit ਬਟਨ ਤੇ ਕਲਿੱਕ ਕੀਤਾ ਜਾਵੇ। ਸਿਰਫ ਇਸ ਬਟਨ ਤੇ ਕਲਿੱਕ ਕਰਨ ਨਾਲ ਫਾਈਨਲ ਸਬਮਿਸ਼ਨ complete ਨਹੀਂ ਹੋਵੇਗੀ, Online Payment Gateway ਜਾਂ ਬੈਂਕ ਚਲਾਨ ਜਨਰੇਟ ਕਰਕੇ ਮਿੱਥੀ ਮਿਤੀ ਤੱਕ ਫੀਸ deposit ਕਰਨਾ ਲਾਜ਼ਮੀ ਹੋਵੇਗਾ। ਬੈਂਕ ਚਲਾਨ ਜਨਰੇਟ ਕਰਨ ਦੀ ਸੂਰਤ ਵਿੱਚ ਚਲਾਨ ਵਿੱਚ ਦਰਜ Valid date ਤੱਕ ਬੈਂਕ ਵਿੱਚ ਫੀਸ ਜਮ੍ਹਾਂ ਕਰਵਾਉਣਾ ਯਕੀਨੀ ਬਣਾਇਆ ਜਾਵੇ। ਫਾਈਨਲ ਸਬਮਿਸ਼ਨ ਕਰਨ ਉਪਰੰਤ ਸਾਰੇ ਵੇਰਵੇ ਲਾਕ ਹੋ ਜਾਣਗੇ, ਇਸ ਲਈ ਇਸ ਤੋਂ ਪਹਿਲਾਂ ਵੇਰਵੇ ਚੈੱਕ ਕਰ ਲਏ ਜਾਣ ਅਤੇ ਗਲਤੀ ਹੋਣ ਦੀ ਸੂਰਤ ਵਿੱਚ ਦਰੁੱਸਤੀ ਕਰਕੇ ਫਿਰ ਫਾਈਨਲ ਸਬਮਿਸ਼ਨ ਕੀਤੀ ਜਾਵੇ। ਫਾਈਨਲ ਸਬਮਿਸ਼ਨ ਤੇ ਕਲਿੱਕ ਕਰਨ ਤੋਂ ਬਾਅਦ ਕੋਈ ਸੋਧ ਨਹੀਂ ਕੀਤੀ ਜਾ ਸਕੇਗੀ। ਇਸ ਉਪਰੰਤ ਬੋਰਡ ਵੱਲੋਂ ਵੇਰਵਿਆਂ ਦੀਆਂ ਸੋਧਾਂ ਲਈ ਨਿਰਧਾਰਤ ਸ਼ਡਿਊਲ ਅਨੁਸਾਰ ਹੀ ਸੋਧਾਂ ਕੀਤੀਆਂ ਜਾਣਗੀਆਂ।

ਉਕਤ ਦਰਜ ਸਾਰੀਆਂ ਹਦਾਇਤਾਂ ਅਤੇ ਨਿਰਧਾਰਿਤ ਸ਼ਡਿਊਲ ਅਨੁਸਾਰ ਰਜਿਸਟ੍ਰੇਸ਼ਨ/ ਕੰਟੀਨਿਊਸ਼ਨ ਕਰਵਾਉਣਾ ਸਕੂਲ ਮੁੱਖੀ ਦੀ ਜ਼ਿੰਮੇਵਾਰੀ ਹੈ। ਕਿਸੇ ਕਿਸਮ ਦੀ ਲਾਪਰਵਾਹੀ ਅਤੇ ਗਲਤੀ ਲਈ ਸਕੂਲ ਮੁੱਖੀ ਜ਼ਿੰਮੇਵਾਰ ਹੋਵੇਗਾ।

**ਨੋਟ :-** ਦਸਵੀਂ ਸ਼੍ਰੇਣੀ (M1 and M2) ਅਤੇ ਬਾਰਵੀਂ ਸ਼੍ਰੇਣੀ (T1 and T2) ਦੇ ਸਕੂਲ ਵੱਲੋਂ ਆਨ-ਲਾਈਨ ਭਰੇ ਡਾਟਾ ਤੋਂ ਹੀ ਪ੍ਰੀ-ਪ੍ਰਿੰਟਡ ਪ੍ਰੀਖਿਆ ਫਾਰਮ ਭੇਜੇ ਜਾਣਗੇ। ਇਸ ਲਈ ਆਨ-ਲਾਈਨ ਐਂਟਰੀ ਧਿਆਨ ਨਾਲ ਕੀਤੀ ਜਾਵੇ।

1. ਜੇਕਰ ਕਿਸੇ ਸਕੂਲ ਨੇ ਦੂਜੇ ਰਾਜਾਂ/ਬੋਰਡਾਂ ਤੋਂ ਆਏ ਵਿਦਿਆਰਥੀਆਂ ਦੇ ਰਜਿਸਟ੍ਰੇਸ਼ਨ ਨੰਬਰ/ Error ਚੈੱਕ ਕਰਨੇ ਹਨ, ਤਾਂ ਉਹ Registration Portal ਦੇ ਅੰਦਰ Other Board Regno ਦੇ ਲਿੰਕ ਤੇ ਕਲਿੱਕ ਕਰਕੇ ਰਜਿਸਟ੍ਰੇਸ਼ਨ ਨੰਬਰ/ Error/ Error List ਚੈੱਕ ਕਰ ਸਕਦੇ ਹਨ। Error list ਵਿੱਚ ਦਰਸਾਏ ਵਿਦਿਆਰਥੀਆਂ ਦੇ ਦਸਤਾਵੇਜ਼ ਜਮ੍ਹਾਂ ਕਰਵਾਉਣ ਉਪਰੰਤ ਹੀ error ਹਟਾਏ ਜਾਣਗੇ।
2. ਜੇਕਰ ਸਬੰਧਤ ਫਾਰਮ ਵਿੱਚ ਆਨ-ਲਾਈਨ ਐਂਟਰੀ ਕਰਦੇ ਸਮੇਂ ਕਿਸੇ ਵਿਦਿਆਰਥੀ ਦੇ ਵੇਰਵੇ Already Exist ਆ ਰਹੇ ਹਨ ਤਾਂ Check RegNo ਲਿੰਕ ਅਧੀਨ ਜਾ ਕੇ ਰਜਿ: ਨੰ:, ਆਧਾਰ ਨੰ: ਆਦਿ ਪਾ ਕੇ ਚੈੱਕ

ਕੀਤਾ ਜਾ ਸਕਦਾ ਹੈ ਕਿ ਮੌਜੂਦਾ ਸੈਸ਼ਨ ਵਿੱਚ ਵਿਦਿਆਰਥੀ ਦੇ ਵੇਰਵੇ ਕਿਸ ਸਕੂਲ ਵਿੱਚ ਰਜਿਸਟਰਡ ਹਨ।

3. ਨੌਵੀਂ/ਗਿਆਰ੍ਹਵੀਂ ਪਾਸ/ਫੇਲ੍ਹ ਵਿਦਿਆਰਥੀਆਂ ਨੂੰ ਆਧਾਰ ਕਾਰਡ ਨੰਬਰ/ਰਜਿਸਟ੍ਰੇਸ਼ਨ ਨੰਬਰ/ਵਿਦਿਆਰਥੀ ਦਾ ਨਾਂ ਅਤੇ ਪਿਤਾ ਦੇ ਨਾਂ ਅਤੇ ਸਕੂਲ ਕੋਡ ਰਾਹੀਂ import ਕੀਤਾ ਜਾ ਸਕਦਾ ਹੈ।
4. ਜੇਕਰ ਨੌਵੀਂ/ ਗਿਆਰ੍ਹਵੀਂ ਸ਼੍ਰੇਣੀ ਦਾ ਨਤੀਜਾ ਫਾਈਨਲ ਸਬਮਿਟ ਨਹੀਂ ਹੈ ਤਾਂ ਵਿਦਿਆਰਥੀਆਂ ਨੂੰ ਦਸਵੀਂ/ਬਾਰਵੀਂ ਸ਼੍ਰੇਣੀ (M1, T1 ਫਾਰਮ) ਵਿੱਚ import ਨਹੀਂ ਕੀਤਾ ਜਾ ਸਕੇਗਾ। RL/ Compartment ਵਾਲੇ ਵਿਦਿਆਰਥੀਆਂ ਦਾ ਨਤੀਜਾ ਆਨ-ਲਾਈਨ ਅਪਡੇਟ ਕਰਨ ਉਪਰੰਤ ਹੀ ਉਹ import ਹੋ ਸਕਣਗੇ।
5. ਕੇਵਲ ਨੌਵੀਂ ਪਾਸ ਵਿਦਿਆਰਥੀ ਹੀ M1 ਫਾਰਮ ਵਿੱਚ ਅਤੇ ਨੌਵੀਂ ਫੇਲ੍ਹ, Absent ਅਤੇ Cancel ਵਿਦਿਆਰਥੀ N3 ਫਾਰਮ ਵਿੱਚ import ਕੀਤੇ ਜਾ ਸਕਣਗੇ।
6. ਕੇਵਲ ਗਿਆਰ੍ਹਵੀਂ ਪਾਸ/ਬਾਰਵੀਂ ਫੇਲ੍ਹ (ਰੈਗੂਲਰ) ਵਿਦਿਆਰਥੀ ਹੀ T1 ਫਾਰਮ ਵਿੱਚ ਅਤੇ ਦਸਵੀਂ ਪਾਸ ਜਾਂ ਗਿਆਰ੍ਹਵੀਂ ਫੇਲ੍ਹ, Absent ਅਤੇ Cancel ਵਿਦਿਆਰਥੀ E1 ਫਾਰਮ ਵਿੱਰ import ਕੀਤੇ ਜਾ ਸਕਣਗੇ।
7. ਦੂਜੇ ਰਾਜਾਂ/ਬੋਰਡਾਂ ਤੋਂ ਆਉਣ ਵਾਲੇ ਵਿਦਿਆਰਥੀ ਜਿਨ੍ਹਾਂ ਦੀ ਐਂਟਰੀ ਆਨਲਾਈਨ ਕੀਤੀ ਗਈ ਹੈ, ਪ੍ਰੰਤੂ ਫਾਈਨਲ ਪ੍ਰੀਖਿਆ ਦੇਣ ਤੋਂ ਪਹਿਲਾਂ ਸਕੂਲ ਛੱਡ ਜਾਂਦੇ ਹਨ ਜਾਂ ਲੰਬੀ ਗੈਰ-ਹਾਜ਼ਰੀ ਕਾਰਨ ਨਾਂ ਕੱਟਿਆ ਜਾਂਦਾ ਹੈ, ਉਹਨਾਂ ਬਾਰੇ ਲਿਖਤੀ ਤੌਰ ਤੇ ਸੂਚਿਤ ਕੀਤਾ ਜਾਵੇ।
8. ਓਪਨ ਸਕੂਲ ਪ੍ਰਣਾਲੀ ਅਧੀਨ ਦਸਵੀਂ/ਬਾਰਵੀਂ ਫੇਲ੍ਹ ਵਿਦਿਆਰਥੀ ਰੈਗੂਲਰ ਦਸਵੀਂ/ਬਾਰਵੀਂ ਵਿੱਚ ਦਾਖਲ ਨਹੀਂ ਹੋ ਸਕਦੇ। ਉਹਨਾਂ ਨੂੰ ਨੌਵੀਂ/ ਗਿਆਰ੍ਹਵੀਂ ਸ਼੍ਰੇਣੀ ਵਿੱਚ ਦਾਖਲ ਹੋਣਾ ਪਵੇਗਾ।
9. ਜੇਕਰ ਵਿਦਿਆਰਥੀ ਦੀ ਕੰਟੀਨਿਊਸ਼ਨ/ ਰਜਿਸਟ੍ਰੇਸ਼ਨ ਅਗਲੇ ਸੈਸ਼ਨ ਲਈ ਨਵੀਂ ਕਲਾਸ ਵਿੱਚ ਹੋ ਚੁੱਕੀ ਹੈ ਅਤੇ ਸਕੂਲ ਵੱਲੋਂ ਫਾਈਨਲ ਸਬਮਿਸ਼ਨ ਕੀਤੀ ਜਾ ਚੁੱਕੀ ਹੈ ਅਤੇ ਵਿਦਿਆਰਥੀ ਸਕੂਲ ਬਦਲਣਾ ਚਾਹੁੰਦੇ ਹਨ, ਤਾਂ ਉਸ ਵਿਦਿਆਰਥੀ ਦੀ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਹੀ ਹੋਵੇਗੀ।
10. **ਰਜਿਸਟ੍ਰੇਸ਼ਨ / ਕੰਟੀਨਿਊਸ਼ਨ ਫੀਸਾਂ ਦਾ ਸ਼ਡਿਊਲ ਨਾਲ ਨੱਥੀ ਕੀਤਾ ਜਾਂਦਾ ਹੈ।**

17.6.2022

**(ਜੇ.ਆਰ.ਮਹਿਰੋਕ)**

**ਕੰਟਰੋਲਰ (ਪ੍ਰੀਖਿਆਵਾਂ)**

# ਪੰਜਾਬ ਸਕੂਲ ਸਿੱਖਿਆ ਬੋਰਡ

## ਰਜਿਸਟ੍ਰੇਸ਼ਨ / ਕੰਟੀਨਿਊਸ਼ਨ ਸ਼ਡਿਊਲ (ਸੈਸ਼ਨ 2022-23)

**ਸੈਸ਼ਨ 2022-23 ਲਈ ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀ** ਰਜਿਸਟ੍ਰੇਸ਼ਨ/ ਕੰਟੀਨਿਊਸ਼ਨ ਕਰਨ ਸਬੰਧੀ ਹਦਾਇਤਾਂ ਬੋਰਡ ਦੀ ਵੈਬਸਾਈਟ ਅਤੇ ਸਕੂਲ ਲਾਗਇੰਨ ਆਈ-ਡੀ ਤੇ ਉਪਲੱਬਧ ਹਨ। ਉਹਨਾਂ ਨੂੰ ਪੜ੍ਹਣ ਉਪਰੰਤ ਹੀ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਨੀ ਯਕੀਨੀ ਬਣਾਈ ਜਾਵੇ। ਵਿਦਿਆਰਥੀਆਂ ਦੀ ਨੌਵੀਂ (ਫਾਰਮ N-3 ਅਤੇ N-2), ਦਸਵੀਂ (ਫਾਰਮ M-1 ਅਤੇ M-2), ਗਿਆਰ੍ਹਵੀਂ (ਫਾਰਮ E-1 ਅਤੇ E-2) ਅਤੇ ਬਾਰ੍ਹਵੀਂ (ਫਾਰਮ T-1 ਅਤੇ T-2) ਸ਼੍ਰੇਣੀਆਂ ਵਿੱਚ ਰਜਿਸਟ੍ਰੇਸ਼ਨ/ ਕੰਟੀਨਿਊਸ਼ਨ ਆਨ-ਲਾਈਨ ਕਰਨ ਦੀਆਂ ਮਿਤੀਆਂ ਦਾ ਸ਼ਡਿਊਲ ਅਤੇ ਫੀਸਾਂ ਹੇਠਾਂ ਦਰਸਾਏ ਅਨੁਸਾਰ ਹਨ :-

### ਫਾਰਮ ਵਾਈਜ਼ ਰਜਿਸਟ੍ਰੇਸ਼ਨ / ਕੰਟੀਨਿਊਸ਼ਨ ਫੀਸ

| ਲੜੀ ਨੰ: | ਸ਼੍ਰੇਣੀ | ਫਾਰਮ | ਰਜਿਸਟ੍ਰੇਸ਼ਨ/ ਕੰਟੀਨਿਊਸ਼ਨ ਫੀਸ |
|---|---|---|---|
| 1 | ਨੌਵੀਂ | N3 | **150/-** |
| | | N2 | **1000/-** |
| 2 | ਦਸਵੀਂ | M1 | **100/-** |
| | | M2 | **1000/-** |
| 3 | ਗਿਆਰ੍ਹਵੀਂ | E1 | **150/-** |
| | | E2 | **1000/-** |
| 4 | ਬਾਰ੍ਹਵੀਂ | T1 | **100/-** |
| | | T2 | **1000/-** |

### ਰਜਿਸਟ੍ਰੇਸ਼ਨ / ਕੰਟੀਨਿਊਸ਼ਨ ਦੀਆਂ ਮਿਤੀਆਂ ਦਾ ਸ਼ਡਿਊਲ

| ਸ਼੍ਰੇਣੀ | ਐਪਲੀਕੇਸ਼ਨ ਚਾਲੂ ਕਰਨ ਦੀ ਮਿਤੀ | ਆਫ-ਲਾਈਨ ਫੀਸ ਚਲਾਨ ਜਨਰੇਟ ਕਰਨ ਦੀ ਆਖਰੀ ਮਿਤੀ | ਆਫ-ਲਾਈਨ ਫੀਸ ਚਲਾਨ ਬੈਂਕ ਵਿੱਚ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ | ਆਨ-ਲਾਈਨ ਐਂਟਰੀ ਅਤੇ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ |
|---|---|---|---|---|
| ਨੌਵੀਂ ਅਤੇ ਗਿਆਰ੍ਹਵੀਂ (ਬਿਨ੍ਹਾਂ ਲੇਟ ਫੀਸ ) | 12-7-2022 | 25-8-2022 | 30-8-2022 | 30-8-2022 |
| ਦਸਵੀਂ ਅਤੇ ਬਾਰ੍ਹਵੀਂ (ਬਿਨ੍ਹਾਂ ਲੇਟ ਫੀਸ ) | 20-7-2022 | 8-9-2022 | 13-9-2022 | 13-9-2022 |
| ਨੌਵੀਂ ਅਤੇ ਗਿਆਰ੍ਹਵੀਂ (500/-ਰੁ: ਲੇਟ ਫੀਸ ਨਾਲ ) | 31-8-2022 | 29-9-2022 | 04-10-2022 | 04-10-2022 |
| ਦਸਵੀਂ ਅਤੇ ਬਾਰ੍ਹਵੀਂ (500/-ਰੁ: ਲੇਟ ਫੀਸ ਨਾਲ ) | 14-9-2022 | 29-9-2022 | 04-10-2022 | 04-10-2022 |
| ਨੌਵੀਂ ਤੋਂ ਬਾਰ੍ਹਵੀਂ (1000/-ਰੁ: ਲੇਟ ਫੀਸ ਨਾਲ ) | 05-10-2022 | 20-10-2022 | 25-10-2022 | 25-10-2022 |
| ਨੌਵੀਂ ਤੋਂ ਬਾਰ੍ਹਵੀਂ (2000/-ਰੁ: ਲੇਟ ਫੀਸ ਨਾਲ ) | 26-10-2022 | 10-11-2022 | 15-11-2022 | 15-11-2022 |

## ਮਾਈਗ੍ਰੇਸ਼ਨ ਦੀ ਮਿਤੀ ਅਤੇ ਫੀਸ ਸਬੰਧੀ ਸ਼ਡਿਊਲ

| | ਮਿਤੀ | ਫੀਸ | ਵਿਸ਼ੇਸ਼ ਕਥਨ |
|---|---|---|---|
| ਸਕੂਲ ਤੋਂ ਸਕੂਲ ਮਾਈਗ੍ਰੇਸ਼ਨ | ਦਾਖਲਾ ਸ਼ਡਿਊਲ ਦੀ ਮਿਤੀ ਖਤਮ ਹੋਣ ਉਪਰੰਤ 30-11-2022 ਤੱਕ | 1000/-ਰੁ: | ਆਨ-ਲਾਈਨ ਪ੍ਰਕਿਰਿਆ ਰਾਹੀਂ। |
| | 01-12-2022 ਤੋਂ ਸਲਾਨਾ ਪ੍ਰੀਖਿਆ ਸ਼ੁਰੂ ਹੋਣ ਤੋਂ 45 ਦਿਨ ਪਹਿਲਾਂ ਤੱਕ। | 1500/-ਰੁ: | ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਕੇਵਲ ਮਾਤਾ/ਪਿਤਾ/ਗਾਰਡੀਅਨ ਦੀ ਬਦਲੀ ਜਾਂ ਅਚਾਨਕ ਮੌਤ ਹੋਣ ਦੀ ਸੂਰਤ ਵਿੱਚ । |
| ਇੰਟਰ ਬੋਰਡ ਮਾਈਗ੍ਰੇਸ਼ਨ | ਦਾਖਲਾ ਸ਼ਡਿਊਲ ਦੀ ਮਿਤੀ ਖਤਮ ਹੋਣ ਉਪਰੰਤ 30-11-2022 ਤੱਕ | 2000/-ਰੁ: | ਆਨ-ਲਾਈਨ ਪ੍ਰਕਿਰਿਆ ਰਾਹੀਂ TC ਕਟਵਾਉਣ ਦੇ 15 ਦਿਨਾਂ ਦੇ ਵਿੱਚ-ਵਿੱਚ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ। |
| | 01-12-2022 ਤੋਂ ਸਲਾਨਾ ਪ੍ਰੀਖਿਆ ਸ਼ੁਰੂ ਹੋਣ ਤੋਂ 45 ਦਿਨ ਪਹਿਲਾਂ ਤੱਕ। | 2500/-ਰੁ: | |

**ਨੋਟ :-**

(1) ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਫੀਸਾਂ ਸਕੂਲਾਂ ਵੱਲੋਂ Online payment gateway ਜਾਂ ਆਫ-ਲਾਈਨ ਚਲਾਨ ਜਨਰੇਟ ਵਿਧੀ ਰਾਹੀਂ ਬੈਂਕ ਵਿੱਚ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ। ਦੋਨਾ ਵਿਧੀਆਂ ਵਿੱਚੋਂ ਆਪਣੀ ਸੁਵਿਧਾ ਅਨੁਸਾਰ ਕਿਸੇ ਇੱਕ ਵਿਧੀ ਰਾਹੀਂ ਫੀਸਾਂ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ। ਸਕੂਲ ਟੂ ਸਕੂਲ ਅਤੇ ਇੰਟਰ ਬੋਰਡ ਮਾਈਗਰੇਸ਼ਨ ਫੀਸਾਂ ਸਕੂਲਾਂ ਵੱਲੋਂ ਕੇਵਲ Online payment gateway ਵਿਧੀ ਰਾਹੀਂ ਹੀ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ ।

(3) ਕਿਸੇ ਵੀ ਫਾਰਮ ਵਿੱਚ ਐਂਟਰੀ ਕਰਨ ਉਪਰੰਤ ਵਿਦਿਆਰਥੀਆਂ ਦੀ ਫਾਈਨਲ ਸਬਮਿਸ਼ਨ MULTIPLE LOT ਵਿੱਚ ਕੀਤੀ ਜਾ ਸਕਦੀ ਹੈ (ਭਾਵ ਇੱਕ ਵਾਰ ਫਾਈਨਲ ਸਬਮਿਸ਼ਨ ਕਰਨ ਉਪਰੰਤ ਉਸ ਤੋਂ ਬਾਅਦ ਵੀ ਬਾਕੀ ਰਹਿੰਦੇ ਵਿਦਿਆਰਥੀਆਂ ਦੀ ਫਾਈਨਲ ਸਬਮਿਸ਼ਨ ਦੁਬਾਰਾ ਵੱਖ-ਵੱਖ LOTS ਰਾਹੀਂ ਵੀ ਸ਼ਡਿਊਲ ਵਿੱਚ ਨਿਰਧਾਰਿਤ ਆਖਰੀ ਮਿਤੀ ਤੱਕ ਕੀਤੀ ਜਾ ਸਕਦੀ ਹੈ)।

(3) ਫਾਈਨਲ ਸਬਮਿਸ਼ਨ ਕਰਨ ਉਪਰੰਤ ਜਨਰੇਟ ਕੀਤੇ ਚਲਾਨ ਅਤੇ ਫਾਈਨਲ ਪ੍ਰਿੰਟ ਦੀ ਕਾਪੀ ਸਕੂਲ ਰਿਕਾਰਡ ਵਿੱਚ ਲਾਜ਼ਮੀ ਰੱਖੀ ਜਾਵੇ।ਚਲਾਨ ਨਾ ਜਨਰੇਟ ਕਰਨ ਦੀ ਸੂਰਤ ਵਿੱਚ ਸਮੁੱਚੀ ਜ਼ਿੰਮੇਵਾਰੀ ਸਕੂਲ ਮੁੱਖੀ ਦੀ **ਹੀ** ਹੋਵੇਗੀ।

(4) ਦੂਜੇ ਰਾਜਾਂ/ਬੋਰਡਾਂ ਤੋਂ ਆਏ ਵਿਦਿਆਰਥੀਆਂ ਅਤੇ ਪਿਛਲੇ ਤਿੰਨ ਸਾਲਾਂ ਤੋਂ ਪਹਿਲਾਂ ਦੇ ਵਿਦਿਆਰਥੀਆਂ ਦੇ ਦਸਤਾਵੇਜ਼ ਜਿਲ੍ਹਾ ਖੇਤਰੀ ਦਫਤਰਾਂ ਵਿਖੇ ਮਿਤੀ 14-10-2022 ਤੱਕ ਜਮ੍ਹਾਂ ਕਰਵਾਏ ਜਾਣੇ ਲਾਜ਼ਮੀ ਹਨ। ਇਸ ਉਪਰੰਤ ਇਹ ਦਸਤਾਵੇਜ਼ ਕੇਵਲ ਮੁੱਖ ਦਫਤਰ ਵਿਖੇ ਹੀ ਪਹੁੰਚਦੇ ਕੀਤੇ ਜਾਣ।

(5) ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਉਪਰੰਤ ਜੇਕਰ ਕਿਸੇ ਵਿਦਿਆਰਥੀ ਨੇ ਆਪਣਾ ਸਕੂਲ ਛੱਡਕੇ ਦੂਸਰੇ ਸਕੂਲ ਵਿੱਚ ਦਾਖਲਾ ਲੈਣਾ ਹੈ ਤਾਂ ਉਸਨੂੰ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਉਣੀ ਲਾਜ਼ਮੀ ਹੈ।

7.6.2022

**(ਜੈ.ਆਰ.ਮਹਿਰੋਕ)**

**ਕੰਟਰੋਲਰ (ਪ੍ਰੀਖਿਆਵਾਂ)**